# ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ, ਐਸ.ਏ.ਐਸ ਨਗਰ।

**ਅਵਾਰਡ ਨੰ: 556**

**ਮਿਤੀ: 10-06-2015**

ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਰਾਹੀਂ ਅਧਿ-ਸੂਚਨਾਂ ਅਧੀਨ ਧਾਰਾ 4 ਦਾ ਨੋਟੀਫਿਕੇਸ਼ਨ ਨੰ: 6/45/2004/1ਐਚਜੀ1/2618 ਮਿਤੀ 21.03.2005, ਜਿਹੜਾ ਕਿ ਪੰਜਾਬ ਸਰਕਾਰ ਦੇ ਅਸਧਾਰਣ ਗਜ਼ਟ ਵਿੱਚ ਮਿਤੀ 21.03.2005 ਨੂੰ ਪ੍ਰਕਾਸ਼ਿਤ ਹੋਈ, ਅਨੁਸਾਰ ਭੌਂ ਪ੍ਰਾਪਤੀ ਐਕਟ, 1894 ਦੀ ਧਾਰਾ-4 ਤਹਿਤ ਪਿੰਡ ਸੋਹਾਣਾ ਹਦਬਸਤ ਨੰ: 35, ਰਕਬਾ 82 ਕਨਾਲ -11 ਮਰਲੇ (10.31 ਏਕੜ), ਤਹਿਸੀਲ ਅਤੇ ਜਿਲ੍ਹਾ ਐਸ.ਏ.ਐਸ ਨਗਰ ਦੇ ਖੇਤਰ ਵਿੱਚ ਸ਼ਹਿਰੀ ਮਿਲਖ ਮੋਹਾਲੀ ਦੇ ਵਿਸਥਾਰ ਲਈ ਜਨਤਕ ਮੰਤਵ ਵਾਸਤੇ ਭੌਂ ਪ੍ਰਾਪਤ ਕਰਨ ਦੇ ਉਦੇਸ਼ ਨਾਲ ਅਧਿਸੂਚਿਤ ਕਰਵਾਇਆ ਗਿਆ ਸੀ, ਜੋ ਕਿ ਪੰਜਾਬੀ ਭਾਸ਼ਾ ਦੇ ਅਖਬਾਰ "ਡੇਲੀ ਅਜੀਤ" ਵਿੱਚ ਮਿਤੀ 03.07.2005 ਨੂੰ ਅਤੇ ਅੰਗਰੇਜ਼ੀ ਭਾਸ਼ਾ ਦੇ ਅਖਬਾਰ "ਹਿੰਦੁਸਤਾਨ ਟਾਈਮਜ" ਵਿੱਚ ਮਿਤੀ 03.07.2005 ਨੂੰ ਛਪਾਇਆ ਗਿਆ ਸੀ। ਇਸ ਬਾਰੇ ਹਲਕਾ ਪਟਵਾਰੀ ਦੇ ਰੋਜਨਾਮਚ ਵਿੱਚ ਪਿੰਡ ਸੋਹਾਣਾ ਰਪਟ ਨੰ: 545 ਮਿਤੀ 27.06.2005, ਨੂੰ ਦਰਜ ਕਰਵਾਈ ਗਈ, ਇਸ ਧਾਰਾ 4 ਤਹਿਤ ਜਾਰੀ ਹੋਏ ਨੋਟੀਫਿਕੇਸ਼ਨ ਵਿਰੁੱਧ ਪਿੰਡ ਸੋਹਾਣਾ ਦੇ 17 ਭੌਂ ਮਾਲਕਾਂ ਤੋਂ ਧਾਰਾ 5-ਏ ਤਹਿਤ ਪ੍ਰਾਪਤ ਹੋਏ ਇਤਰਾਜਾਂ ਬਾਰੇ ਸਬੰਧਤ ਭੌਂ ਮਾਲਕਾਂ ਦੀ ਸੁਣਵਾਈ ਮਿਤੀ 30.09.2005 ਨੂੰ ਸੁਣਵਾਈ ਕਰਨ ਉਪਰੰਤ ਦਫਤਰੀ ਮੀਮੋ ਨੰ: ਐਲ.ਏ.ਸੀ/2005/3601, ਮਿਤੀ 21.11.2005 ਰਾਹੀਂ ਸਰਕਾਰ ਨੂੰ ਰਿਪੋਰਟ ਭੇਜੀ ਗਈ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ (ਮਕਾਨ ਉਸਾਰੀ-1ਸਾਖਾ) ਦੇ ਮੀਮੋ ਨੰਬਰ: 6/45/1ਮਉ1/331 ਮਿਤੀ 17.01.2006 ਰਾਹੀਂ ਰੱਦ ਕਰਨ ਦਾ ਫੈਸਲਾ ਲਿਆ ਗਿਆ ਸੀ। ਸਰਕਾਰ ਦੇ ਉਕਤ ਫੈਸਲੇ ਅਨੁਸਾਰ ਭੌਂ ਪ੍ਰਾਪਤੀ ਐਕਟ, 1894 ਦੀ ਧਾਰਾ 6 ਤਹਿਤ ਨੋਟੀਫਿਕੇਸ਼ਨ ਨੰ: 6/45/2004/1ਐਚਜੀ1/2034 ਮਿਤੀ 13.03.2006, ਜਿਸ ਦਾ ਕੁੱਲ ਰਕਬਾ 82 ਕਨਾਲ - 11 ਮਰਲ (10.31 ਏਕੜ) ਜਿਹੜਾ ਕਿ ਪੰਜਾਬ ਸਰਕਾਰ ਦੀ ਅਸਧਾਰਣ ਗਜਟ ਵਿੱਚ ਮਿਤੀ 13.03.2006 ਨੂੰ ਪ੍ਰਕਾਸ਼ਿਤ ਹੋਇਆ ਸੀ, ਅੰਗਰੇਜ਼ੀ ਭਾਸ਼ਾ ਦੇ ਅਖਬਾਰ "ਦੀ ਟ੍ਰਿਬਿਊਨ" ਵਿੱਚ ਮਿਤੀ 17.03.2006 ਨੂੰ ਅਤੇ ਪੰਜਾਬੀ ਭਾਸ਼ਾ ਦੇ ਅਖਬਾਰ "ਅਜੀਤ" ਵਿੱਚ ਮਿਤੀ 17.03.2006 ਨੂੰ ਛਪਾਇਆ ਗਿਆ ਸੀ। ਹਲਕਾ ਪਟਵਾਰੀ ਸੋਹਾਣਾ ਦੇ ਰਪਟ ਰੋਜਨਾਮਚੇ ਵਿੱਚ ਰਪਟ ਨੰ: 461 ਮਿਤੀ 04.05.2006 ਨੂੰ ਦਰਜ ਕਰਵਾਈ ਗਈ ਸੀ। ਇਸ ਅਵਾਰਡ ਤਹਿਤ ਪਿੰਡ ਸੋਹਾਣਾ ਹਦਬਸਤ ਨੰ: 35 ਦਾ ਕੁੱਲ ਰਕਬਾ 82 ਕਨਾਲ - 11 ਮਰਲੇ (10.31 ਏਕੜ) ਬਣਦਾ ਹੈ। ਜਿਸ ਵਿੱਚ ਪਹਿਲਾਂ **6.586** ਏਕੜ ਰਕਬੇ ਦਾ ਅਵਾਰਡ, ਅਵਾਰਡ ਨੰ. 556 ਮਿਤੀ 10/6/2015 ਨੂੰ ਸੁਣਾ ਦਿੱਤਾ ਗਿਆ ਹੈ ਬਚਦਾ ਰਕਬਾ 3.725 ਏਕੜ ਦਾ ਅਵਾਰਡ ਸੁਣਾਇਆ ਜਾ ਰਿਹਾ ਹੈ।

ਇੱਥੇ ਇਹ ਵੀ ਵਰਣਨਯਗ ਹੈ ਕਿ ਧਾਰਾ 6 ਤਹਿਤ ਜਾਰੀ ਕੀਤੀ ਉਕਤ ਨੋਟੀਫਿਕੇਸ਼ਨ ਮਿਤੀ 13.03.2006 ਨੂੰ ਵੰਗਾਰਦੇ ਹੋਏ ਪਿੰਡ ਲਖਨੌਰ ਦੇ ਭੌਂ ਮਾਲਕਾਂ ਵੱਲੋਂ ਹੇਠ ਲਿਖੀਆਂ ਰਿੱਟ ਪਟੀਸ਼ਨਾਂ ਮਾਨਯੋਗ ਹਾਈਕੋਰਟ ਵਿਖੇ ਦਾਇਰ ਕੀਤੀਆਂ ਸਨ:-

| ਲੜੀ ਨੰ: | ਸਿਵਲ ਰਿੱਟ ਪਟੀਸ਼ਨ ਨੰ: | ਟਾਈਟਲ | ਰਕਬਾ (ਏਕੜਾਂ ਵਿੱਚ) | ਮੌਜੂਦਾ ਸਟੇਟੱਸ |
|---|---|---|---|---|
| 1 | 7153/2006 | ਕਰਨੈਲ ਕੌਰ ਬਨਾਮ ਸਰਕਾਰ | 2.12 | ਮਾਨਯੋਗ ਹਾਈ ਕੋਰਟ ਵੱਲੋਂ ਹੁਕਮ ਮਿਤੀ 11.07.2011 ਰਾਹੀਂ ਖਾਰਜ਼ ਕੀਤੀ ਜਾ ਚੁੱਕੀ ਹੈ। |
| 2 | 12354/2012 | ਨੱਛਤਰ ਸਿੰਘ ਬਨਾਮ ਸਟੇਟ | 3.725 | ਪੈਡਿੰਗ |
| | ਕੁੱਲ ਜੋੜ | | 5.845 | |

ਉਕਤ ਰਿੱਟ ਪਟੀਸ਼ਨਾਂ ਵਿੱਚ ਪਿੰਡ ਸੋਹਾਣਾ ਦਾ 5.845 ਰਕਬਾ ਸ਼ਾਮਲ ਸੀ ਅਤੇ ਮਾਨਯੋਗ ਹਾਈਕੋਰਟ ਵੱਲੋਂ ਵੱਖ-ਵੱਖ ਮਿਤੀਆਂ ਨੂੰ ਜਾਰੀ ਕੀਤੇ ਆਦੇਸ਼ਾਂ ਰਾਹੀਂ ਪਟੀਸ਼ਨਰਾਂ ਦਾ ਡਿਸਪੋਜੈਸ਼ਨ ਸਟੇਅ ਕਰ ਦਿੱਤਾ ਸੀ, ਪਰ ਉਹਨਾਂ ਵਿਚੋਂ ਇੱਕ ਰਿੱਟ ਪਟੀਸ਼ਨ ਨੰ: 7153/2006 ਦੇ ਭੌਂ ਮਾਲਕ ਵੱਲੋਂ ਉੱਚ ਅਦਾਲਤ ਵਿੱਚ ਹਲਫੀਆ ਬਿਆਨ ਦਾਇਰ ਕਰਕੇ ਇਸ ਅਧਾਰ ਤੇ ਵਾਪਸ ਲੈ ਲਈ ਹ ਕਿ ਉਹ ਇਸ ਭੌਂ ਪ੍ਰਾਪਤੀ ਵਿਰੁੱਧ ਲੈਂਡ ਪੂਲਿੰਗ ਲੈਣਾ ਚਾਹੁੰਦੇ ਹਨ। ਇਹਨਾਂ ਰਿੱਟ ਪਟੀਸ਼ਨਾਂ ਵਿੱਚ 5.845 ਏਕੜ ਰਕਬਾ ਸ਼ਾਮਲ ਸੀ ਵਿਚੋਂ 2.12 ਏਕੜ ਰਕਬੇ ਦੇ ਭੌਂ ਮਾਲਕਾਂ ਨੇ ਰਿੱਟ ਪਟੀਸ਼ਨ ਇਸ ਅਧਾਰ ਤੇ ਵਾਪਸ ਲੈ ਲਈ ਹੈ ਕਿ ਉਹ ਭੌਂ ਪ੍ਰਾਪਤੀ ਵਿਰੱਧ ਲੈਂਡ ਪੂਲਿੰਗ ਲੈਣਾ ਚਾਹੁੰਦੇ ਹਨ, ਇਸ ਲਈ ਉਹਨਾਂ ਵੱਲੋਂ ਭਾਂ ਪ੍ਰਾਪਤੀ ਦਾ ਅਵਾਰਡ ਸੁਨਾਉਣ ਦੀ ਪ੍ਰਾਥਨਾ ਕੀਤੀ ਹੈ। ਇਹਨਾਂ ਭੌਂ ਮਾਲਕਾਂ ਵੱਲੋਂ ਵਾਪਸ ਲਈਆਂ ਗਈਆਂ ਰਿੱਟਾਂ ਨੂੰ ਮੁੱਖ ਰੱਖਦੇ ਹੋਏ ਇਸ ਭੌਂ ਪ੍ਰਾਪਤੀ ਵਿੱਚ ਸ਼ਾਮਲ ਅਜਿਹੇ ਭੌਂ ਮਾਲਕਾਂ ਦੀ ਭੌਂ ਪ੍ਰਾਪਤੀ ਦਾ ਅਵਾਰਡ ਸੁਣਾਇਆ ਜਾ ਰਿਹਾ ਹੈ, ਜਿਨ੍ਹਾਂ ਦੀ ਭੌਂ ਸਬੰਧੀ ਕੋਈ ਲਿਟੀਗੇਸ਼ਨ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਹੈ। ਸਿਵਲ ਰਿਟ ਪਟੀਸਨ ਨੰ. 12354 ਆਫ 2012 ਜੋ ਕਿ ਸ੍ਰੀ ਨੱਛਤਰ ਸਿੰਘ ਬਨਾਮ ਸਟੇਟ ਸੀ, ਮਾਨਯੋਗ ਹਾਈ ਕੋਰਟ ਦੇ ਫੈਸਲੇ ਹੋਣ ਉਪਰੰਤ ਸੁਣਾਇਆ ਜਾਵੇਗਾ, ਪਰ ਜਿਹੜੇ ਭੌਂ ਮਾਲਕਾਂ ਦੀਆਂ ਰਿੱਟ ਪਟੀਸ਼ਨਾਂ ਅਜੇ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਹਨ, ਫਿਲਹਾਲ ਉਹਨਾਂ ਦੀ ਭੌਂ ਦਾ ਅਵਾਰਡ ਨਹੀਂ ਸੁਣਾਇਆ ਜਾ ਰਿਹਾ ਹੈ। ਇਸ ਭੌਂ ਸਬੰਧੀ ਅਵਾਰਡ ਸੁਣਾਉਣ ਬਾਰੇ ਫੈਸਲਾ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਰਿੱਟ ਪਟੀਸ਼ਨਾਂ ਦਾ ਨਿਪਟਾਰਾ ਹੋਣ ਤੇ ਕਰਵਾਇਆ ਜਾਵੇਗਾ।

ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਮੁਹਾਲੀ ਨੂੰ ਭੌਂ ਪ੍ਰਾਪਤੀ ਵਿਭਾਗ ਹੋਣ ਦੇ ਨਾਤੇ ਭੌਂ ਪ੍ਰਾਪਤੀ ਐਕਟ ਦੀ ਧਾਰਾ 9 ਤਹਿਤ ਗਰਾਮ ਪੰਚਾਇਤ ਨੂੰ ਨੋਟਿਸ ਜਾਰੀ ਕੀਤੇ ਗਏ ਸੀ ਕਿ ਉਹ ਭੋਂ ਦੀ ਮਿਣਤੀ ਅਤੇ ਕੀਮਤ ਆਦਿ ਬਾਰੇ ਜੇਕਰ ਕੁੱਝ ਕਹਿਣਾ ਚਾਹੁੰਦੇ ਹੋਣ ਤਾਂ ਮਿਤੀ 06.01.2012 ਨੂੰ ਨਿਮਨ-ਹਸਤਾਖਰ ਦੇ ਦਫਤਰ ਪੁੱਡਾ ਭਵਨ ਵਿਖੇ ਹਾਜਰ ਹੋਣ। ਸਬੰਧਤ ਪਿੰਡਾਂ ਦੇ ਗ੍ਰਾਮ ਪੰਚਾਇਤ ਨੂੰ ਮਿਤੀ 06.01.2012 ਨੂੰ ਸੁਣਵਾਈ ਕੀਤੀ ਗਈ। ਸੁਣਵਾਈ ਦੌਰਾਨ ਪਿੰਡ

ਸੋਹਾਣਾ ਦਾ ਕੋਈ ਭੌਂ ਮਾਲਕ ਹਾਜਰ ਨਹੀ ਹੋਇਆ ਪਰ ਮਿਤੀ 07.01.2012 ਨੂੰ ਇੱਕ ਭੌਂ ਮਾਲਕ ਨੇ ਆਪਣੇ ਰਕਬੇ ਵਿੱਚ ਫਰਕ ਬਾਰੇ ਧਿਆਨ ਵਿੱਚ ਲਿਆਉਦਾ ਜਿਸਨੂੰ ਇਸ ਦਫਤਰ ਦੇ ਪੱਤਰ ਮਿਤੀ 15.02.2012 ਰਾਹੀਂ ਸੂਚਿਤ ਕਰ ਦਿੱਤਾ ਗਿਆ। ਪਟੀਸ਼ਨਰਾਂ ਵੱਲੋਂ ਰਿੱਟ ਨੰ: 7153/2006 ਕਰਨੈਲ ਕੌਰ ਬਨਾਮ ਸਰਕਾਰ, CWP No. 12354/2012 ਨੱਛਤਰ ਸਿੰਘ ਬਨਾਮ ਸਟੇਟ ਦਾਇਰ ਕੀਤੀਆਂ ਗਈਆਂ। ਕਿਉਂ ਜੋ ਇਹ ਭੌਂ ਪ੍ਰਾਪਤੀ ਦੀ ਪ੍ਰਕਿਰੀਆ ਸਬੰਧੀ ਕੇਸ ਮਾਨਯੋਗ ਹਾਈ ਕੋਰਟ ਵੱਲੋਂ ਸਟੇਅ ਕੀਤਾ ਗਿਆ ਸੀ, ਇਸ ਲਈ ਇਹ ਅਵਾਰਡ ਨਿਰਧਾਰਤ ਸਮੇਂ ਤੇ ਸੁਣਾਇਆ ਨਹੀਂ ਜਾ ਸਕਿਆ।

**<u>ਭੌਂ ਦੀ ਕਿਸਮ ਦਾ ਇੰਦਰਾਜ:</u>**

ਫੀਲਡ ਸਟਾਫ ਦੀ ਰਿਪੋਰਟ ਅਨੁਸਾਰ ਜਮਾਂਬੰਦੀ ਪਿੰਡ ਸੋਹਾਣਾ ਸਾਲ 2009-2010 ਦੀ ਹੈ। ਵੱਖਰੀ-ਵੱਖਰੀ ਭੌਂ ਦੀ ਕਿਸਮ ਦੱਸਣ ਦੀ ਲੋੜ ਨਹੀਂ ਕਿਉਂਕਿ ਸਰਕਾਰ ਵੱਲੋਂ ਇਸ ਪ੍ਰਾਪਤ ਕੀਤੀ ਜਾ ਰਹੀ ਸਾਰੀ ਭੌਂ ਦੇ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਜੂਨ, 2013 ਤਹਿਤ ਲੈਂਡ ਪੂਲਿੰਗ ਦਿੱਤੀ ਜਾਵੇਗੀ।

**<u>ਇਤਰਾਜਹੀਣਤਾ ਸਰਟੀਫਿਕੇਟ :-</u>**

ਮਿਤੀ 04-02-2009 ਨੂੰ ਵਿੱਤ ਕਮਿਸ਼ਨਰ, ਮਾਲ ਜੀ ਦੀ ਪ੍ਰਧਾਨਗੀ ਹੇਠ ਹੋਈ ਰਾਜ ਪੱਧਰੀ ਭੌਂ ਪ੍ਰਾਪਤੀ ਬੋਰਡ ਦੀ ਮੀਟਿੰਗ ਦੀ ਕਾਰਵਾਈ ਰਿਪੋਰਟ ਅਨੁਸਾਰ ਸੈਕਟਰ 90, ਪਿੰਡ ਸੋਹਾਣਾ ਦੀ ਭੂਮੀ ਗ੍ਰਹਿਣ ਕਰਨ ਲਈ ਇਤਰਾਜਹੀਨਤਾ ਸਰਟੀਫਿਕੇਟ ਪੰਜਾਬ ਮਾਲ ਤ ਪੁਨਰਵਾਸ ਵਿਭਾਗ (ਭੌਂ ਮਾਲੀਆ ਸਾਖਾ) ਦੇ ਅੰ.ਵਿ.ਪੱ.ਨੰ: 1/11/2009-ਭ.ਮ.1/1033 ਮਿਤੀ 04.07.2009 ਰਾਹੀ ਜਾਰੀ ਹੋਇਆ ਅਤੇ ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ (ਮਕਾਨ ਉਸਾਰੀ 1 ਸਾਖਾ) ਦੇ ਪਿ.ਅ.ਨੰ: 6/35/2004/1ਮਉ1/602 ਮਿਤੀ 16.02.2009 ਰਾਹੀਂ ਇਸ ਦਫਤਰ ਵਿਖੇ ਪ੍ਰਾਪਤ ਹੋਇਆ ਪਰੰਤੂ ਨਵੇਂ ਹੋਂਦ ਵਿੱਚ ਆਏ ਭੌਂ ਪ੍ਰਾਪਤੀ ਐਕਟ, 2013 ਅਨੁਸਾਰ ਐਨ.ਓ.ਸੀ ਲੈਣ ਦੇ ਉਪਬੰਧ ਦੀ ਲੋੜ ਨਹੀਂ ਹੈ।

**<u>ਮੁਆਵਜੇ ਦੇ ਰੂਪ ਵਿੱਚ ਦਿੱਤੀ ਜਾਣ ਵਾਲੀ ਲੈਂਡ ਪੂਲਿੰਗ:</u>**

ਇਸ ਅਵਾਰਡ ਤਹਿਤ ਪ੍ਰਾਪਤ ਕੀਤੀ ਜਾ ਰਹੀ ਭੌਂ ਲਈ, ਭੌਂ ਮਾਲਕਾਂ ਨੂੰ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਤਹਿਤ ਲੈਂਡ ਪੂਲਿੰਗ ਦਿੱਤੀ ਜਾਵੇਗੀ। ਇਹ ਲੈਂਡ ਪੂਲਿੰਗ ਲੈਣ ਲਈ ਬਹੁਤ ਸਾਰੇ ਪਟੀਸ਼ਨਰਾਂ ਨੇ ਅਦਾਲਤ ਵਿੱਚ ਲੰਬਿਤ ਪਈਆਂ ਪਟੀਸ਼ਨਾਂ ਵਿੱਚੋਂ ਹਲਫੀਆ ਬਿਆਨ ਵੀ ਦਾਇਰ ਕਰਕੇ ਪਟੀਸ਼ਨਾਂ ਵਾਪਸ ਲਈਆਂ ਹਨ। ਇਹ ਲਾਭ ਦੇਣ ਲਈ ਜਿਆਦਾਤਰ ਭੌਂ ਮਾਲਕਾਂ ਦੀ ਆਪਣੀ ਰਜਾਮੰਦੀ ਅਤੇ ਮੰਗ ਵੀ ਹੈ। ਜਿਸ ਵਿੱਚ ਉਹ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਅਨੁਸਾਰ ਗਮਾਡਾ ਦੀ ਸਕੀਮ ਵਿੱਚ ਭਾਗੀਦਾਰ ਬਣਨ ਦੇ ਇਛੁੱਕ ਹਨ। ਜਿਸ ਲਈ ਇਸ ਭੌਂ ਪ੍ਰਾਪਤੀ ਵਿਰੁੱਧ ਭੌਂ ਮਾਲਕਾਂ ਨੂੰ ਬਣਦੇ ਰਿਹਾਇਸ਼ੀ ਅਤੇ ਵਪਾਰਕ ਪਲਾਟ ਹੇਠ ਅਨੁਸਾਰ ਦਿੱਤੇ ਜਾਣਗੇ।

| Land to be acquired (in kanal) | Developed residential area to be returned (in sq. yard) | Developed commercial area to be returned (except parking) | Remarks |
|---|---|---|---|
| 1 kanal | 150 | - | No commercial site shall be given |
| 2 kanal | 300 | - | No commercial site shall be given |
| 3 kanal | 450 | - | No commercial site shall be given |
| 4 kanal | 500 **(500 OR 400+100 OR 300+200)** | One shop 12 ft x 45ft-60 sq. yard | For shop basement, G+1, FAR 1:2.0 shall be permissible |
| 8 kanal | 1000 **(500+500 OR 500+400+100 OR 500+300+200)** | SCO/SCS 121sq yard or 2 shops 12ft x 45ft-60 sq yard | For SCO/SCS basement, G+2, FAR 1:3.0 shall be permissible and For Shop basement, G+1, FAR 1:2.0 shall be permissible |

ਉਕਤ ਤੋਂ ਇਲਾਵਾ ਭੌਂ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਤਹਿਤ ਹੇਠ ਲਿਖੀਆਂ ਸਹੂਲਤਾਂ ਵੀ ਦਿੱਤੀਆਂ ਜਾਣੀਆਂ ਹਨ:-

(ੳ) ਪੰਜਾਬ ਸਰਕਾਰ ਦਾ ਨੋਟੀਫਿਕੇਸ਼ਨ ਨੰ: 6/23/13-6HG1/1440, ਮਿਤੀ 19.06.2013 ਅਨੁਸਾਰ ਲੱਡ ਪੂਲਿੰਗ ਸਕੀਮ ਲਈ ਸਹਿਮਤੀ ਦੇਣ ਵਾਲੇ ਭੌਂ ਮਾਲਕਾਂ ਨੂੰ ਭੌਂ ਦਾ ਕਬਜਾ ਲੈਣ ਉਪਰੰਤ ਭੌਂ ਨੂੰ ਵਿਕਸਤ ਕਰਨ ਤੇ ਉਨ੍ਹਾਂ ਦਾ ਬਣਦੇ ਹਿੱਸੇ ਦਾ ਕਬਜਾ ਦੇਣ ਜਾਂ ਵੱਧ ਤੋਂ ਵੱਧ 3 ਸਾਲ, ਜੋ ਪਹਿਲਾਂ ਹੋਵੇ, ਨੂੰ ਸਾਲਾਨਾ 25000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਚਕੋਤਾ ਦਿੱਤਾ ਜਾਵੇਗਾ।

(ਅ) ਲੈਂਡ ਪੂਲਿੰਗ ਸਕੀਮ ਅਧੀਨ ਦਿੱਤੇ ਜਾਣ ਵਾਲੇ ਪਲਾਟਾਂ ਦੀ ਰਜਿਸਟਰੀ ਵਿੱਚ ਭੌਂ ਮਾਲਕਾਂ ਦੇ ਹੱਕ ਵਿੱਚ ਹੋਣ ਤੇ ਅਸਟਾਮ ਡਿਊਟੀ ਤੋਂ ਛੋਟ ਦਿੱਤੀ ਜਾਵੇਗੀ।

(ੲ) ਭੌਂ ਮਾਲਕਾਂ ਵੱਲੋਂ ਬਣਦੀ ਲੈਂਡ ਪੂਲਿਗ ਦੇ ਵਪਾਰਕ/ਰਿਹਾਇਸ਼ੀ ਪਲਾਟਾਂ ਦੀਆਂ ਆਪਸ਼ਨਾਂ ਦੇਣ ਉਪਰੰਤ, ਉਨ੍ਹਾਂ ਨੂੰ ਪਲਾਟਾਂ ਦੇ ਲੈਟਰ ਆਫ ਇੰਨਟੈਂਟ (ਐਲ.ਓ.ਆਈ) 30 ਦਿਨਾਂ ਦੇ ਅੰਦਰ ਜਾਰੀ ਕਰ ਦਿੱਤੇ ਜਾਣਗੇ।

<u>ਸਟਰੱਕਚਰ :-</u>

ਇਸ ਪ੍ਰਾਪਤ ਕੀਤੇ ਜਾ ਰਹੇ ਰਕਬੇ ਵਿੱਚ ਫਲਦਾਰ ਦਰੱਖਤ, ਗੈਰ ਫਲਦਾਰ ਦਰਖਤ, ਟਿਉਬਵੈਲ, ਪਾਈਪ ਲਾਈਨ ਅਤੇ ਮਕਾਨਾਤ ਆਦਿ ਵੀ ਆਉਂਦੇ ਹਨ, ਉਨਾਂ ਦੀ ਸਰਵੇ ਰਿਪੋਰਟ ਤਿਆਰ ਕਰਵਾ ਕੇ ਸਬੰਧਤ ਟੈਕਨੀਕਲ ਵਿਭਾਗਾਂ ਨੂੰ ਭੇਜੀ ਜਾਵੇਗੀ ਜਿਨ੍ਹਾਂ ਦੀ ਕੀਮਤ ਨਿਰਧਾਰਤ ਹੋਣ ਤੇ ਭੌਂ ਮਾਲਕਾਂ ਨੂੰ ਬਣਦਾ ਮੁਆਵਜਾ ਐਕਟ, 2013 ਦੀ ਧਾਰਾਵਾਂ ਤਹਿਤ ਦਿੱਤਾ ਜਾਵੇਗਾ।

**ਫਸਲਾਂ** :-

ਹਾੜੀ ਸੀਜਨ ਸਾਲ 2014 ਵਿੱਚ ਬੀਜੀਆਂ ਫਸਲਾਂ ਭੌਂ ਮਾਲਕ ਕੱਟ ਸਕਦੇ ਹਨ। ਇਨ੍ਹਾ ਫਸਲਾਂ ਦਾ ਮੁਆਵਜਾ ਭੌਂ ਮਾਲਕਾਂ ਨੂੰ ਨਹੀਂ ਦਿੱਤਾ ਜਾਵੇਗਾ।

**ਲੈਂਡ ਪੂਲਿੰਗ ਰਾਹੀਂ ਅਦਾ ਕੀਤੇ ਜਾ ਰਹੇ ਮੁਆਵਜੇ ਦੀ ਵੰਡ ਸਬੰਧੀ ਵਿਧੀ**:-

ਭੌਂ ਮਾਲਕਾਂ ਨੂੰ ਜਮਾਂਬੰਦੀ ਵਿੱਚ ਹੋਏ ਇੰਦਰਾਜ ਅਨੁਸਾਰ ਅਤੇ ਤਸਦੀਕ ਕੀਤੇ ਹੋਏ ਇੰਤਕਾਲ, ਬ, ਫਰਦ ਬਦਰ ਆਦਿ ਦਾ ਅਮਲ ਕਰਕੇ ਬਣਦੇ ਰਕਬੇ ਦੀ ਰਿਹਾਇਸ਼ੀ ਅਤੇ ਵਪਾਰਕ ਲੈਂਡ ਪੂਲਿੰਗ ਦਿੱਤੀ ਜਾਵੇਗੀ। ਜੇਕਰ ਕਿਸੇ ਭੌਂ ਮਾਲਕ ਦਾ ਹਿੱਸਾ ਰਹਿਣ, ਜਾਂ ਆੜ ਰਹਿਣ ਹੋਵੇਗਾ ਤਾਂ ਭੌਂ ਮਾਲਕ ਦੀ ਰਜਾਮੰਦੀ ਅਨੁਸਾਰ ਮੁਰਤਹਿਨ ਨੂੰ ਉਸ ਹਿੱਸੇ ਦੀ ਲੈਂਡ ਪੂਲਿੰਗ ਦੇ ਦਿੱਤੀ ਜਾਵੇਗੀ। ਜੇਕਰ ਭੌਂ ਮਾਲਕਾਂ ਦੇ ਹਿੱਸਦਾਰੀ ਸਬੰਧੀ ਕੋਈ ਝਗੜਾ ਹੋਵੇਗਾ ਤਾਂ ਉਸ ਨੂੰ ਨਿਪਟਾਓਣ ਲਈ ਕੇਸ ਸਬੰਧਤ ਅਥਾਰਟੀ ਪਾਸ *the Right to Fair Compensation and Transparency in Land Acquisition, Rehabilitation and Resettlement Act, 2013* ਦੀ ਧਾਰਾ 76 ਤਹਿਤ ਨਿਪਟਾਰੇ ਲਈ ਭੇਜਿਆ ਜਾਵੇਗਾ। ਜਦੋਂ ਤੱਕ ਭੌਂ ਮਾਲਕਾਂ ਦੇ ਆਪਸੀ ਝਗੜੇ ਦਾ ਅੰਤਿਮ ਨਿਪਟਾਰਾ ਨਹੀਂ ਹੋ ਜਾਂਦਾ ਤੱਦ ਤੱਕ ਝਗੜੇ ਅਧੀਨ ਰਕਬੇ ਦੀ ਲੈਂਡ ਪੂਲਿੰਗ ਗਮਾਡਾ ਪਾਸ ਰਿਜਰਵ ਰੱਖੀ ਜਾਵੇਗੀ।

**ਡਰਾਫਟ ਅਵਾਰਡ ਦੀ ਪ੍ਰਵਾਨਗੀ:**

ਇਸ ਭੋਂ ਦਾ ਡਰਾਫਟ ਅਵਾਰਡ ਸਕੱਤਰ ਪੰਜਾਬ ਸਰਕਾਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਚੰਡੀਗੜ੍ਹ ਜੀ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਸੀ ਜਿਸ ਦੀ ਪ੍ਰਵਾਨਗੀ ਸਕੱਤਰ ਪੰਜਾਬ ਸਰਕਾਰ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ ਦੇ ਯਾਦ ਪੱਤਰ ਨੰ: 6/45/2004-6ਮਉ1/479574/1 ਮਿਤੀ 07.05.2015 ਰਾਹੀਂ ਪ੍ਰਾਪਤ ਹੋ ਗਈ ਹੈ।

**ਤਾਰੀਖ ਕਬਜਾ:**

ਮੈਂ, ਭੌਂ ਮਾਲਕਾਂ ਨੂੰ ਪ੍ਰਾਪਤ ਕੀਤੀ ਭੌਂ ਦੀ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ (ਜਿਸਦਾ ਵਿਵਰਨ/ਵਿਸਥਾਰ ਇਸ ਅਵਾਰਡ ਦੇ ਵਿੱਚ ਦਿੱਤਾ ਗਿਆ ਹੈ) ਦੇ ਅਨੁਸਾਰ ਲੈਂਡ ਪੂਲਿੰਗ ਦੇਣ ਲਈ ਪੇਸ਼ਕਸ਼ ਕਰਦੀ ਹਾਂ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 12354/2012 ਵਿੱਚ ਪਟੀਸ਼ਨਰ ਦਾ 3.725 ਏਕੜ ਰਕਬੇ ਦਾ ਡਿਸਪੋਜੈਸ਼ਨ ਸਟੇਅ ਕੀਤਾ ਗਿਆ ਹੈ। ਇਸ ਲਈ ਇਸ ਰਿੱਟ ਪਟੀਸ਼ਨ ਵਿਚ ਸ਼ਾਮਲ ਭੌਂ 10.31 ਏਕੜ ਵਿਚੋਂ 3.725 ਏਕੜ ਨੂੰ ਛੱਡ ਕੇ 6.586 ਏਕੜ ਬਾਕੀ ਦੀ ਭੌਂ ਦਾ ਕਬਜਾ ਮੌਕੇ ਤੇ ਭੌਂ ਮਾਲਕਾਂ ਤੋਂ ਲੈ ਕੇ ਮਿਲਖ ਅਫਸਰ, ਗਮਾਡਾ ਨੂੰ ਸੌਂਪ ਦਿੱਤਾ

ਹੈ। ਉਕਤ ਰਿੱਟ ਪਟੀਸ਼ਨਾਂ ਵਿੱਚ ਸ਼ਾਮਲ ਭੌਂ ਮਾਲਕਾਂ ਦੇ ਕਬਜੇ ਸਬੰਧੀ ਯੋਗ ਕਾਰਵਾਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਅੰਤਿਮ ਹੁਕਮਾਂ ਉਪਰੰਤ ਹੁਕਮਾਂ ਅਨੁਸਾਰ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਤੋਂ ਬਾਅਦ ਇਸ ਭੌਂ ਦੀ ਮਾਲਕੀ ਗਮਾਡਾ, ਜਿਸ ਦੇ ਖਰਚੇ ਤੇ ਅਤੇ ਜਿਸਦੀ ਸਕੀਮ ਦੇ ਵਿਕਾਸ ਲਈ ਇਹ ਭੌਂ ਪ੍ਰਾਪਤ ਕੀਤੀ ਗਈ ਹੈ, ਦੇ ਨਾਮ ਬਿਨ੍ਹਾਂ ਕਿਸੇ ਭਾਰ ਤੋਂ ਵੈਸਟ ਹੋਵੇਗੀ।

**<u>ਰਕਬਾ ਜ਼ੇਰ ਆਮਦਾ ਤੇ ਮੁਆਮਲੇ ਦੀ ਮੁਆਫੀ:</u>**

ਪ੍ਰਾਪਤੀ ਹੇਠ ਰਕਬੇ ਦਾ ਮੁਆਮਲਾ (ਮਾਲ) ਦੀ ਮੁਆਫੀ ਹੈ। ਅੱਜ ਦੇ ਦਿਨ ਤੋਂ ਇਸ ਸਕੀਮ ਤਹਿਤ ਪਿੰਡ ਸੋਹਾਣਾ ਕੁੱਲ ਰਕਬਾ 6.586 ਏਕੜ ਭੂਮੀ ਉੱਤੇ ਗਮਾਡਾ ਦੀ ਬਗੈਰ ਕਿਸੇ ਭਾਰ ਤੋਂ ਮਲਕੀਅਤ ਹੋਵੇਗੀ।

ਅੱਜ ਮਿਤੀ 10.06.2015 ਨੂੰ ਸਮਾਂ 10.00 ਵਜੇ ਸਵੇਰੇ ਭੌਂ ਮਾਲਕ ਸਰਪੰਚ ਨੰਬਰਦਾਰ ਅਤੇ ਮੋਹਤਬਰ ਵਿਅਕਤੀਆ ਦੀ ਹਾਜਰੀ ਸਮੇ ਕਮੇਟੀ ਰੂਮ, ਦੂਜੀ ਮੰਜਿਲ, ਪੁੱਡਾ ਭਵਨ ਸੈਕਟਰ-62 ਐਸ.ਏ.ਐਸ. ਨਗਰ ਵਿਖੇ ਅਵਾਰਡ ਸੁਣਾਇਆ ਗਿਆ ਹੈ। ਗੈਰ ਹਾਜਰ ਭੌਂ ਮਾਲਕਾਂ ਨੂੰ ਭੌਂ ਪ੍ਰਾਪਤੀ ਐਕਟ 2013 ਅਧੀਨ ਨੋਟਿਸ ਜਾਰੀ ਕੀਤੇ ਜਾਣਗ।

**ਤੱਥ ਤੇ ਅੰਕੜੇ ਚੈੱਕ ਕੀਤੇ ਗਏ:**

***ਪਟਵਾਰੀ*** ***ਕਾਨੂੰਨਗੋ*** ***ਨਾਇਬ ਤਹਿਸੀਲਦਾਰ*** ***(ਰਾਜਦੀਪ ਕੌਰ)***

*ਪੀ.ਸੀ.ਐਸ.*

***ਭੌਂ ਪ੍ਰਾਪਤੀ ਕੁਲੈਕਟਰ***

***ਸ਼ਹਿਰੀ ਵਿਕਾਸ ਵਿਭਾਗ***

***ਐਸ.ਏ.ਐਸ. ਨਗਰ।***